ਇਸ ਤਰ੍ਹਾਂ ਇਹ ਗੁਰੂ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਉਸ ਤੋਂ ਬਾਅਦ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਪ੍ਰਗਟ ਹੋਈ ।

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ ॥

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਤੱਕ ਸਭ ਗੁਰੂ ਸਾਹਿਬ ਜੀ ਨੇ ਸ਼ਬਦ ਗੁਰੂ ਦੀ ਪ੍ਰਮੁੱਖਤਾ ਸਾਬਤ ਕੀਤੀ ।

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਸਿਧ ਗੋਸਟਿ )

ਭਾਈ ਨੰਦ ਲਾਲ ਜੀ ਦੇ ਸ਼ਬਦਾਂ ਵਿੱਚ

ਦੂਸਰ ਰੂਪ ਗ੍ਰੰਥ ਜੀ.ਜਾਨ
ਉਨਕੇ ਅੰਗ ਮੇਰੋ ਕਰ ਮਾਨ॥
ਰੋਮ ਰੋਮ ਅੱਖਰ ਸੋ ਲਹੁਹ
ਯਥਾਰਥ ਬਾਤ ਤੁਮ ਸੋ ਸਭ ਕਹੁਹ॥

ਜਦੋਂ ਬਾਬੇ ਬਕਾਲੇ ਵਿੱਚ ਬਾਈ ਮੰਜੀਆਂ ਭੇਖੀ ਗੁਰੂਆਂ ਨੇ ਲਾ ਕੇ ਸੰਗਤਾਂ ਨੂੰ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਸੀ ਉਸ ਵਕਤ ਮੱਖਣ ਸ਼ਾਹ ਲੁਬਾਣੇ ਨੇ ਸੱਚੇ ਗੁਰੂ ਦੀ ਖੋਜ ਕਰਕੇ ਕੋਠੇ ਤੇ ਚੜਕੇ ਗੁਰੂ ਲਾਧੋ ਰੇ ਦਾ ਸੰਦੇਸ਼ ਦਿੱਤਾ ਸੀ ਹੋਕਾ ਦਿੱਤਾ ਸੀ ।ਅੱਜ ਭੇਖੀ ਗੁਰੂਆਂ ਦੀ ਗਿਣਤੀ ਕਰਨੀ ਔਖੀ ਹੋਈ ਹੋਈ ਹੈ । ਹੈ ਕੋਈ ਜਾਗਦਾ ਮੱਖਣ ਸ਼ਾਹ ਲੁਬਾਣੇ ਦਾ ਵਾਰਸ ਜੋ ਕੋਠੇ ਤੇ ਚੜਕੇ , ਘਰ-ਘਰ ਜਾ ਕੇ "ਸੱਚਾ ਗੁਰੂ ਲਾਧੋ ਰੇ ਦਾ ਹੋਕਾ ਦੇ ਕੇ ਪਖੰਡੀ ਗੁਰੂਆਂ ਤੋਂ ਸੰਗਤ ਨੂੰ ਸਾਵਧਾਨ ਕਰ ਸਕੇ ਅਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂਤਾ ਦਾ ਹੋਕਾ ਦੇ ਸਕੇ।" ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੋਢਾ ਦੇ ਕੇ ਬਚਾਇਆ ਸੀ ਅਤੇ ਮੱਖਣ ਸ਼ਾਹ ਨੇ ਗੁਰੂ ਲਾਧੋ ਰੇ ਦਾ ਹੋਕਾ ਦਿੱਤਾ ਸੀ ।

ਜੇਕਰ ਅੱਜ ਗੁਰੂ ਕਾ ਸਿੱਖ , ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,
ਸੱਚਾ ਗੁਰੂ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,
ਦੀ ਗੁਰਤਾ ਦਾ ਹੋਕਾ ਦੇਵੇ ਤਾਂ ਇਹ ਨਹੀਂ ਹੋ ਸਕਦਾ ਕਿ ਗੁਰੂ ਸਾਹਿਬ ਉਸਦੀ ਬੇੜੀ ਨੂੰ ਜਹਾਜ਼ ਨੂੰ ਦੁਨੀਆਂ ਦੇ ਭਵ ਸਾਗਰ ਤੋਂ ਪਾਰ ਨਹੀਂ ਲਾਉਣਗੇ ।ਗੁਰੂ ਸਾਹਿਬ ਜ਼ਰੂਰ ਹੀ ਉਸਦੇ ਬੇੜੇ ਨੂੰ ਭਵ-ਸਾਗਰ ਤੋਂ ਪਾਰ ਲੰਘਾਉਣਗੇ।

( ਸਤਿਕਾਰਯੋਗ ਸਾਧ ਸੰਗਤ ਜੀ ਇਸ ਪੇਪਰ ਉੱਤੇ ਗੁਰਬਾਣੀ ਦੀਆਂ ਤੁੱਕਾਂ ਹਨ , ਪੜ੍ਹਣ ਤੋਂ ਬਾਅਦ ਇਸ ਨੂੰ ਸਤਿਕਾਰ ਨਾਲ ਸੰਭਾਲ ਕੇ ਰੱਖਣ ਦੀ ਕ੍ਰਿਪਾਲਤਾ ਕਰਨੀ ਜੀ। )